"ਘਰ -ਘਰ ਰੋਜ਼ਗਾਰ"

# ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ

ਸਰਕਾਰੀ (ਮਾਡਲ) ਸੀਨੀਅਰ ਸੈਕੰਡਰੀ ਸਕੂਲ, (ਮਾਈਕਰੋਸਾਫਟ ਬਿਲਡਿੰਗ)

ਫੇਜ-3ਬੀ-1, ਮੁਹਾਲੀ।

(ਵੈਬਸਾਈਟ www.educationrecruitmentboard.com)

ਜਨਤਕ ਨਿਯੁਕਤੀਆਂ (ਬੈਕਲਾਗ)

ਵਿਗਿਆਪਨ ਨੰ: 06/02-2021 ਭਤ(11)/2021157050 ਮਿਤੀ: 17/05/2021

ਸਿੱਖਿਆ ਵਿਭਾਗ ਵੱਲੋਂ ਮਾਸਟਰ ਕਾਡਰ (ਬਾਰਡਰ ਏਰੀਆ) ਦੀਆਂ ਦਿਵਿਆਂਗ ਕੈਟਾਗਰੀ ਦੀਆਂ ਬੈਕਲਾਗ ਅਸਾਮੀਆਂ ਨੂੰ ਭਰਨ ਸਬੰਧੀ ਹਿੰਦੀ,ਇੰਗਲਿਸ਼,ਮੈਥ,ਸਾਇੰਸ ਵਿਸ਼ਾਵਾਰ ਖਾਲੀ ਰਹਿ ਗਈਆਂ ਕੁੱਲ 135 ਅਸਾਮੀਆਂ ਦਾ ਮਿਤੀ 31-03-2021 ਨੂੰ ਵਿਗਿਆਪਨ ਦਿੱਤਾ ਗਿਆ ਸੀ। ਜਿਸ ਵਿੱਚ Visual ਦੀਆਂ 47, Hearing ਦੀਆਂ 61 ਅਤੇ Intellectual Disability ਦੀਆਂ 27 ਅਸਾਮੀਆਂ ਦਰਸਾਈਆਂ ਗਈਆਂ ਸਨ। ਪਰੰਤੂ ਇਸ ਭਰਤੀ ਵਿੱਚ 90 ਉਮੀਦਵਾਰ ਦੁਬਾਰਾ ਉਪਲਬਧ ਨਾ ਹੋਣ ਕਾਰਨ ਇਨ੍ਹਾਂ ਪੋਸਟਾਂ ਨੂੰ DEPARTMENT OF SOCIAL SECURITY AND WOMEN & CHILD DEVELOPMENT (DISABILITY BRANCH) ਦੇ ਪੱਤਰ ਨੰ. 9/23/2015-3-DC/506 ਮਿਤੀ 24-06-2015 ਅਨੁਸਾਰ 90 ਪੋਸਟਾਂ ਨੂੰ ਅੰਗਹੀਣ ਆਰਥੋ ਵਿੱਚ ਕਨਵਰਟ ਕਰਦੇ ਹੋਏ ਇੰਗਲਿਸ਼, ਮੈਥ ਅਤੇ ਸਾਇੰਸ ਵਿਸ਼ਾਵਾਰ ਅਸਾਮੀਆਂ ਦੀ ਭਰਤੀ ਕਰਨ ਲਈ ਯੋਗ ਉਮੀਦਵਾਰਾਂ ਵੱਲੋਂ ਵਿਭਾਗ ਦੀ ਵੈਬਸਾਈਟ **www.educationrecruitboard.com** ਤੇ ਆਨਲਾਈਨ ਦਰਖਾਸਤਾਂ ਦੀ ਮੰਗ ਮਿਤੀ 07-06-2021 ਤੱਕ ਕੀਤੀ ਜਾਂਦੀ ਹੈ। ਇਨ੍ਹਾਂ ਅਸਾਮੀਆਂ ਦੀ ਕੈਟਾਗਰੀ ਵਾਇਜ਼/ਵਿਸ਼ਾਵਾਰ ਵੰਡ ਹੇਠ ਲਿਖੇ ਅਨੁਸਾਰ ਹੈ:-

1. ਅਸਾਮੀਆਂ ਦੀ ਵੰਡ:-

| **Subject** | **Handicapped (Ortho)** |
|---|---|
| English | 20 |
| Math | 30 |
| Science | 40 |
| **Total** | **90** |

17/05/21

2. ਵਿੱਦਿਅਕ ਯੋਗਤਾਂ:-

ਇਨ੍ਹਾਂ ਅਸਾਮੀਆਂ ਨੂੰ ਪੂਰਾ ਕਰਨ ਲਈ Punjab Educational (Teaching cadre) Border Area Group C Service Rules, 2018 ਅਤੇ Punjab Educational (Teaching cadre) Border

Area Group C Service (First Amendment) Rules, 2020 ਅਨੁਸਾਰ ਤੈਅ ਮੁੱਢਲੀ ਵਿਦਿਅਕ ਯੋਗਤਾਵਾਂ ਅਤੇ Subject Combination ਮੁਤਾਬਿਕ ਭਰਿਆ ਜਾਣਾ ਹੈ।

**ਅੰਗਰੇਜ਼ੀ ਵਿਸ਼ੇ ਲਈ:-**

(i) Should have passed Graduation with minimum 45% percent marks in the case of the persons from the General category; and

(ii) with minimum 40% marks in the case of the persons from the Scheduled Castes, Scheduled Tribes, other Backward Classes, Backward Classes and Physically Handicapped category, from a recognized university or institution and should have studied English as an elective subject for a period of three years;

or

Should have studied Functional English, English Literature, B.A. Honours (English), B.A. (Honours) English in Graduation; or its equivalent; or Should have passed Post Graduation in English; and

(i) Should have passed B.Ed. from a recognized university or institution with English as one of the teaching subjects as per University Grants Commission guidelines.

ਮੈਥ ਵਿਸ਼ੇ ਲਈ:-

(i) Should have passed Graduation with 45% marks in the case of General Category candidates and 44% marks in the case of Scheduled Castes, Scheduled Tribes, Other Backward Classes, Backward Classes and Physical Handicapped Candidates from a recognized university or institution and should have passed Mathematics as subject for three years of Graduation; and

(ii) Should have passed B.Ed from a recognized university or institution with Mathematics as one of the teaching subjects as per guidelines of University Grants Commission.

**ਸਾਇੰਸ ਵਿਸ਼ੇ ਲਈ:-**

**a) Science (Non-Medical)**

(i) Should have passed B.Sc. with 45% marks in the case of General Category candidates and 40% marks in the case of Scheduled Castes, Scheduled Tribes, Other Backward Classes, Backward Classes and Physical Handicapped Candidates from a recognized university or institution with any of the two subjects i.e. Physics Chemistry and Mathematics or should have passed B.Sc. in Physics and Mathematics or any other equivalent qualification, but certificate of equivalency should be given by the concerned University as per guidelines of the University Grants Commission; and

(ii) Should have passed B.Ed from a recognized university or institution with Science as one of the teaching subject as per guidelines of the University Grants Commission.

**b) Science (Medical)**

(i) Should have passed B.Sc. with 45% marks in the case of General Category candidates and 40% marks in the case of Scheduled Castes, Scheduled Tribes, Other Backward Classes, Backward Classes and Physical Handicapped Candidates from a recognized university or institution with any of the two subjects i.e. Biology, Physics and Chemistry or B.Sc. Honours) in either of these subjects or B.Sc (life science) or B.Sc (Physical Science) or B.Sc (Bio-technology) or B.Sc (Honours) or B.Sc (Industrial Microbiology) or B.Sc (Micro-biology) or B.Sc (Bio-physics) or B.Sc (Bio-chemistry) or B.Sc (Mircobial, Food Technology, Chemistry) or B.Sc. Industrial Chemistry or B.Sc. Food Science and Quality Control or B.Sc. Microbial food Technology any other equivalent qualification, but certificate of equivalency should be given by the concerned University as per guidelines of the University Grants Commission; and

(ii) Should have passed B.Ed from a recognized university or institution with Science as one of the teaching subject as per guidelines of the University Grants Commission.

ਉਪਰੋਕਤ ਵਿੱਦਿਅਕ ਯੋਗਤਾਵਾਂ ਤੋਂ ਇਲਾਵਾ ਮਾਸਟਰ/ਮਿਸਟ੍ਰੈਸ ਅਧਿਆਪਕ ਦੀ ਅਸਾਮੀ ਲਈ ਉਮੀਦਵਾਰਾਂ ਵੱਲੋਂ ਆਰ.ਟੀ.ਈ. ਐਕਟ ਤਹਿਤ ਪੰਜਾਬ ਸਰਕਾਰ ਦੁਆਰਾ ਲਿਆ ਗਿਆ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ-2 (P.S.T.E.T-2) ਪਾਸ ਕੀਤਾ ਹੋਣਾ ਲਾਜ਼ਮੀ ਹੈ।

**3. ਚੋਣ ਦਾ ਢੰਗ:-**

ਇਹਨਾਂ ਅਸਾਮੀਆਂ ਦੀ ਭਰਤੀ ਕਰਨ ਸਬੰਧੀ ਸਟੇਟ ਪੱਧਰ ਤੇ ਸਬੰਧਤ ਵਿਸ਼ੇ ਦਾ 150 ਅੰਕਾਂ ਦਾ ਲਿਖਤੀ ਟੈਸਟ ਲਿਆ ਜਾਵੇਗਾ। ਜੋ ਇਹਨਾਂ ਅਸਾਮੀਆਂ ਲਈ ਦਰਸਾਈਆਂ ਗਈਆਂ ਵਿੱਦਿਅਕ/ਪ੍ਰੋਫੈਸ਼ਨਲ ਯੋਗਤਾਵਾਂ ਲਈ ਨਿਰਧਾਰਿਤ ਹੋਰ ਸ਼ਰਤਾਂ ਪੂਰੀਆਂ ਕਰਦੇ ਹੋਣਗੇ ਉਹਨਾਂ ਉਮੀਦਵਾਰਾਂ ਦੀ ਮੈਰਿਟ ਨਿਰੋਲ ਲਿਖਤੀ ਟੈਸਟ ਦੇ ਅਧਾਰ ਤੇ ਬਣਾਈ ਜਾਵੇਗੀ। PSTET (2) ਦੇ ਨੰਬਰ ਮੈਰਿਟ ਵਿੱਚ ਨਹੀਂ ਜੋੜੇ ਜਾਣਗੇ।

(ਜੇਕਰ ਇੱਕ ਤੋਂ ਵੱਧ ਉਮੀਦਵਾਰਾਂ ਦੇ ਲਿਖਤੀ ਟੈਸਟ ਵਿੱਚੋਂ ਬਰਾਬਰ ਅੰਕ ਆਉਂਦੇ ਹਨ ਤਾਂ ਜਿਸ ਉਮੀਦਵਾਰ ਦੀ ਉਮਰ ਵੱਧ ਹੋਵੇਗੀ, ਉਸ ਨੂੰ ਮੈਰਿਟ ਵਿੱਚ ਪਹਿਲਾਂ ਰੱਖਿਆ ਜਾਵੇਗਾ ਅਤੇ ਜੇਕਰ ਇੱਕ ਤੋਂ ਵੱਧ ਉਮੀਦਵਾਰਾਂ ਦੇ ਅੰਕ ਅਤੇ ਉਮਰ ਦੋਨੋ ਇੱਕੋ ਜਿਹੇ ਹੋਣ ਤਾਂ ਜਿਸ ਉਮੀਦਵਾਰ ਦੇ ਗਰੈਜੂਏਸ਼ਨ ਵਿੱਚ ਵੱਧ ਪ੍ਰਤੀਸ਼ਤ ਅੰਕ ਹੋਣਗੇ, ਉਸ ਨੂੰ ਮੈਰਿਟ ਵਿੱਚ ਪਹਿਲਾਂ ਰੱਖਿਆ ਜਾਵੇਗਾ)

**4. ਅਦਾਇਗੀ ਯੋਗ ਰਕਮ:-**

ਚੁਣੇ ਗਏ ਉਮੀਦਵਾਰਾਂ ਨੂੰ ਪੰਜਾਬ ਸਰਕਾਰ ਵਿੱਤ ਵਿਭਾਗ ਪੰਜਾਬ ਦੇ ਪੱਤਰ ਨੰ: 7/42/2020-5 ਐਫ.ਪੀ. 1/741-746, ਮਿਤੀ 17.07.2020 ਅਨੁਸਾਰ ਸਿੱਖਿਆ ਵਿਭਾਗ ਪੰਜਾਬ ਦੀ ਨੋਟੀਫਿਕੇਸ਼ਨ ਨੰ: 13/01/2020-5ਸਿ7/277, ਮਿਤੀ 21.10.2020 ਅਨੁਸਾਰ ਦਿੱਤੇ ਗਏ ਪੇ ਸਕੇਲ ਅਨੁਸਾਰ ਰੁ: 35400/- ਸਕੇਲ ਵਿੱਚ ਸਰਕਾਰ ਦੀ ਅਧਿਸੂਚਨਾਂ ਨੰ: 7/204/2012-4 ਐਫ.ਪੀ 1/66, ਮਿਤੀ 15.01.2015 ਅਤੇ ਪੱਤਰ ਨੰ: 1/06/2016-4 ਪੀ.ਪੀ. 1/834680/1-2, ਮਿਤੀ 07.09.2016 ਰਾਹੀਂ ਕੀਤੇ ਉਪਬੰਧਾਂ ਅਨੁਸਾਰ ਤਿੰਨ ਸਾਲ ਦੇ ਪਰਖ ਕਾਲ ਸਮੇਂ ਦੌਰਾਨ ਮੁਢਲੀ ਤਨਖਾਹ ਤੇ ਰੱਖਿਆ ਜਾਵੇਗਾ।

**5. ਉਮਰ ਸੀਮਾ:-**

I. ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ ਦੇ ਪੱਤਰ ਨੰ: 10/26/95-5 ਐਸ.ਐਸ./1252 ਮਿਤੀ 02.05.1997 ਦੇ ਅਨੁਸਾਰ ਉਮੀਦਵਾਰ ਦੀ ਉਮਰ 18 ਸਾਲ ਤੋਂ ਘੱਟ ਅਤੇ 47 ਤੋਂ ਵੱਧ ਨਹੀਂ ਹੋਣੀ ਚਾਹੀਦੀ। ਉਸ ਦੀ ਮਿਤੀ 01.01.2021 ਨੂੰ ਉਮਰ 18 ਤੋਂ 47 ਸਾਲ ਦੇ ਦਰਮਿਆਨ ਹੋਵੇ।

**6. ਬਿਨੈ ਪੱਤਰ ਪ੍ਰੋਸੈਸਿੰਗ ਫੀਸ:-**

| | | |
|---|---|---|
| i. | ਜਨਰਲ ਅਤੇ ਹੋਰ ਕੈਟਾਗਰੀ ਦੇ ਉਮੀਦਵਾਰਾਂ ਲਈ | : 500 ਰੁਪਏ |
| ii. | ਸਾਬਕਾ ਸੈਨਿਕ (ਖੁਦ) | : ਕੋਈ ਨਹੀਂ। |

**7. ਆਮ ਸ਼ਰਤਾਂ:-**

i. ਅਪਾਹਜ ਕੋਟੇ ਅਧੀਨ ਰਾਖਵਾਂਕਰਨ ਪੰਜਾਬ ਸਰਕਾਰ,ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਪੱਤਰ ਨੰ: 10/26/95—5 ਐਸ ਐਸ/1252 ਮਿਤੀ 02.05.1997 ਅਤੇ Government of Punjab, Department of Social Security and Women and Child Development (Disability Cell) ਦੇ ਪੱਤਰ ਨੰ. 1/1/2017-3DC/1588894/1 ਮਿਤੀ 3.10.2019 ਅਨੁਸਾਰ ਹੋਵੇਗਾ। ਚਾਹਵਾਨ ਉਮੀਦਵਾਰ ਵਿਗਿਆਪਨ ਵਿੱਚ ਅਪਲਾਈ ਕਰਨ ਦੀ ਦਰਸਾਈ ਆਖਰੀ ਮਿਤੀ ਤੋ ਪਹਿਲਾਂ ਦਾ ਸਮਰੱਥ ਅਧਿਕਾਰੀ ਦੁਆਰਾ ਜਾਰੀ ਅਪਾਹਜ ਦਾ ਸਰਟੀਫਿਕੇਟ ਦਸਤਾਵੇਜ਼ਾ ਦੀ ਸਕਰੂਟਨੀ ਸਮੇਂ ਪੇਸ਼ ਕਰੇਗਾ, ਜਿਸ ਵਿਚ ਅੰਗਹੀਣਤਾ ਦੀ ਹੱਦ 40% ਸਥਾਈ/ਅੰਸ਼ਿਕ ਦਰਜ ਹੋਵੇ। ਇਸ ਸਰਟੀਫਿਕੇਟ ਵਿਚ ਸਿਵਲ ਰੋਜ਼ਗਾਰ/ਨਿਰਧਾਰਤ ਅਸਾਮੀ ਲਈ ਫਿੱਟ ਹੋਣਾ ਵੀ ਦਰਸਾਇਆ ਜਾਣਾ ਜ਼ਰੂਰੀ ਹੈ।ਇਹ ਸਰਟੀਫਿਕੇਟ ਜ਼ਿਲੇ ਦੇ ਸਿਵਲ ਸਰਜਨ ਜਾਂ ਉਨ੍ਹਾਂ ਵੱਲੋਂ ਅਧਿਕਾਰਤ ਮੈਡੀਕਲ ਅਫਸਰ ਵੱਲੋਂ ਜਾਰੀ ਕੀਤਾ ਹੋਵੇ।

17/05/21

ii. ਰਾਖਵਾਂਕਰਨ ਦੀ ਨੀਤੀ ਪੰਜਾਬ ਸਰਕਾਰ ਦੀਆਂ ਸਮੇਂ-ਸਮੇਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਲਾਗੂ ਹੋਵੇਗੀ।

iii. ਮਹਿਲਾਵਾਂ ਲਈ ਰਿਜ਼ਰਵੇਸ਼ਨ Govt.of Punjab, Department of Social Secrutity Woman and Child Development (Social Security Branch) ਦੇ ਨੋਟੀਫਿਕੇਸ਼ਨ ਨੰ: ਜੀ.ਐਸ.ਆਰ87/const/Arts309and 15/2020 dated 21-10-2020 ਗਜਟ ਨੋਟੀਫਿਕੇਸ਼ਨ ਅਨੁਸਾਰ ਹੋਵੇਗੀ।

iv. ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਪੱਕੇ ਵਾਸੀਆਂ ਨੂੰ ਹੀ ਪ੍ਰਾਪਤ ਹੋਵੇਗਾ।

v. ਉਮੀਦਵਾਰ ਨੇ ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ।

vi. ਪੁਰਸ਼ ਅਤੇ ਇਸਤਰੀ ਉਮੀਦਵਾਰਾਂ ਦੀ ਸਾਂਝੀ ਮੈਰਿਟ ਬਣਾਈ ਜਾਵੇਗੀ।

vii. ਵਿਗਿਆਪਨ ਵਿੱਚ ਦਰਜ਼ ਅਸਾਮੀਆਂ ਸਰਕਾਰ ਵੱਲੋਂ ਵਧਾਈਆਂ-ਘਟਾਈਆਂ ਜਾ ਸਕਦੀਆਂ ਹਨ।

viii. ਇਸ ਵਿਗਿਆਪਨ ਨੂੰ ਕਿਸੇ ਵੀ ਕਾਰਨ ਰੱਦ ਕਰਨ ਦਾ ਅਧਿਕਾਰ ਵਿਭਾਗ ਪਾਸ ਹੋਵੇਗਾ।

ix. ਆਨਲਾਈਨ ਫਾਰਮ ਭਰਨ ਸਮੇਂ ਕਿਸੇ ਵੀ ਗਲਤੀ ਲਈ ਉਮੀਦਵਾਰ ਆਪ ਜਿੰਮੇਵਾਰ ਹੋਵੇਗਾ। ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ ਦੀ ਇਸ ਸਬੰਧੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

x. ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰਾਂ ਨੂੰ ਸਾਈਬਰ ਕੈਫੇ ਅਟੈਂਡਟ ਦੀ ਮੱਦਦ ਲੈਣ ਸਮੇਂ ਆਪਣਾ ਫਾਰਮ ਆਪ ਭਰਨ ਦੀ ਸਲਾਹ ਦਿੱਤੀ ਜਾਂਦੀ ਹੈ। ਐਪਲੀਕੇਸ਼ਨ ਫਾਰਮ ਵਿੱਚ ਇੱਕ ਵਾਰ ਡਾਟਾ ਭਰਨ ਤੋਂ ਬਾਅਦ Approve ਕਰਨ ਤੋਂ ਬਾਅਦ ਉਸ ਵਿੱਚ ਕੋਈ ਤਬਦੀਲੀ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਅਤੇ ਨਾ ਹੀ ਕੋਈ ਹੋਰ ਮੌਕਾ ਦਿੱਤਾ ਜਾਵੇਗਾ। ਇਸ ਸਬੰਧੀ ਕਿਸੇ ਵੀ ਪ੍ਰਕਾਰ ਦੀ ਪ੍ਰਤੀਬੇਨਤੀ ਦਫਤਰ ਵੱਲੋਂ ਸਵੀਕਾਰ ਨਹੀਂ ਕੀਤੀ ਜਾਵੇਗੀ।

xi. ਉਮੀਦਵਾਰ ਵੱਲੋਂ ਭਰੀ ਗਈ ਕੈਟਾਗਰੀ ਹੀ ਅੰਤਿਮ ਮੰਨੀ ਜਾਵੇਗੀ ਅਤੇ ਉਸੇ ਕੈਟਾਗਰੀ ਵਿੱਚ ਵਿਚਾਰਿਆ ਜਾਵੇਗਾ, ਜਿਸ ਵਿੱਚ ਉਮੀਦਵਾਰ ਨੇ ਫੀਸ ਭਰੀ/ਕਨਫਰਮ ਹੋਈ ਹੋਵੇ। ਕੈਟਾਗਰੀ ਸਬੰਧੀ ਕਿਸੇ ਵੀ ਪੱਧਰ ਤੇ ਕੋਈ ਵੀ ਤਬਦੀਲੀ ਨਹੀਂ ਕੀਤੀ ਜਾ ਸਕੇਗੀ।

xii. ਉਮੀਦਵਾਰ ਵੱਲੋਂ ਅਸਾਮੀ ਲਈ ਕੇਵਲ ਅਪਲਾਈ ਕਰਨ ਜਾਂ ਉਸ ਨੂੰ ਦਸਤਾਵੇਜ਼ਾਂ ਲਈ ਸਕਰੂਟਨੀ ਤੇ ਬੁਲਾਏ ਜਾਣ ਨਾਲ ਹੀ ਕੋਈ ਨਿਯੁਕਤੀ ਦਾ ਅਧਿਕਾਰ ਨਹੀਂ ਹੋਵੇਗਾ।

xiii. ਇਸ ਭਰਤੀ ਸਬੰਧੀ ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਲਿਆ ਫੈਸਲਾ ਅੰਤਿਮ ਅਤੇ ਸਭ ਤੇ ਲਾਗੂ ਹੋਵੇਗਾ।

xiv. ਉਮੀਦਵਾਰਾਂ ਵੱਲੋਂ ਆਪਣਾ ਮੋਬਾਇਲ ਨੰਬਰ, Email-ID ਆਪਣਾ ਬੈਂਕ ਅਕਾਉਂਟ ਨੰਬਰ, ਬੈਂਕ ਦਾ IFSC ਕੋਡ, ਬਰਾਂਚ ਦਾ ਨਾਮ ਆਦਿ ਆਨ-ਲਾਈਨ ਅਪਲਾਈ ਕਰਨ ਸਮੇਂ ਫਾਰਮ ਵਿੱਚ ਭਰਿਆ ਜਾਵੇ।

17/5/21

xv. ਪੰਜਾਬ ਦੇ ਵਸਨੀਕ ਵਿਕਲਾਂਗ ਉਮੀਦਵਾਰਾਂ ਵੱਲੋਂ ਉਪਰੋਕਤ ਅਨੁਸਾਰ ਉਹੀ ਫੀਸ ਜਮ੍ਹਾਂ ਕਰਵਾਈ ਜਾਵੇਗੀ, ਜਿਸ ਵਰਗ/ਸ਼੍ਰੇਣੀ ਨਾਲ ਸਬੰਧ ਰੱਖਦੇ ਹਨ। ਦਸਤਾਵੇਜ਼ਾਂ ਦੀ ਸਕਰੂਟਨੀ ਸਮੇਂ ਕੈਟਾਗਰੀ ਨਾਲ ਸਬੰਧਤ ਸਰਟੀਫਿਕੇਟ ਪੇਸ਼ ਕਰਨਾ ਲਾਜ਼ਮੀ ਹੋਵੇਗਾ।

xvi. ਕਿਸੇ ਵੀ ਉਮੀਦਵਾਰ ਨੂੰ ਫੀਸ ਦੀ ਮੁਆਫੀ/ਛੋਟ ਨਹੀਂ ਦਿੱਤੀ ਜਾਵੇਗੀ।

xvii. ਉਮੀਦਵਾਰਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਭਰਤੀ ਸਬੰਧੀ ਸ਼ਰਤਾਂ/ਬਾਨਾਂ ਚੰਗੀ ਤਰ੍ਹਾਂ ਨਾਲ ਪੜ੍ਹਨ ਉਪਰੰਤ ਆਪ ਖੁਦ ਅਪਲਾਈ ਕਰੇ ਅਤੇ ਉਹਨਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਭਰਤੀ ਸਬੰਧੀ Latest Update ਦੀ ਜਾਣਕਾਰੀ ਲਈ ਵਿਭਾਗ ਦੀ ਵੈਬ-ਸਾਈਟ www.educationrecruitmentboard.com ਸਮੇਂ-ਸਮੇਂ ਚੈੱਕ ਕਰਦੇ ਰਹਿਣ। ਉਮੀਦਵਾਰਾਂ ਨੂੰ ਕਿਸੇ ਕਿਸਮ ਦੀ ਜਾਣਕਾਰੀ ਵਿਭਾਗ ਦੀ ਵੈਬਸਾਈਟ ਤੇ ਉਪਲੱਬਧ ਕਰਵਾਈ ਜਾਇਆ ਕਰੇਗੀ। ਕਿਸੇ ਵੀ ਕਿਸਮ ਦੀ ਕੋਈ ਜਾਣਕਾਰੀ "ਪਬਲਿਕ ਨੋਟਿਸ" / ਹੋਰ ਜਾਣਕਾਰੀ ਅਖਬਾਰਾਂ ਵਿੱਚ ਪ੍ਰਕਾਸ਼ਿਤ ਨਹੀਂ ਕਰਵਾਇਆ ਜਾਵੇਗਾ।

<u>ਜ਼ਰੂਰੀ ਨੋਟ:-</u>

<u>ਉਮੀਦਵਾਰਾਂ ਦੀ ਵਿਦਿਅਕ/ਪ੍ਰੋਫੈਸ਼ਨਲ ਯੋਗਤਾਵਾਂ, PSTET-2 ਸਰਟੀਫਿਕੇਟ ਅਪਲਾਈ ਕਰਨ ਦੀ ਆਖਰੀ ਮਿਤੀ ਦੇ ਜਾਂ ਪਹਿਲਾਂ ਦੇ ਬਣੇ ਹੋਣ। ਰਿਜ਼ਰਵੇਸ਼ਨ ਦਾ ਲਾਭ ਲੈਣ ਲਈ ਵੱਖ-ਵੱਖ ਕੈਟਾਗਰੀਆਂ ਦੇ ਸਰਟੀਫਿਕੇਟ ਜਿਵੇਂ ਐਸ.ਸੀ.,/ਐਸ.ਟੀ, ਅੰਗਹੀਣ ਅਤੇ ਹੋਰ ਲੋੜੀਂਦੇ ਸਰਟੀਫਿਕੇਟ ਆਦਿ ਸਕਰੂਟਨੀ ਸਮੇਂ ਹੀ ਜਮ੍ਹਾਂ/ਚੈਕ ਕਰਵਾਉਣ ਉਪਰੰਤ ਮੰਨਣਯੋਗ ਹੋਣਗੇ। ਉਸ ਤੋਂ ਬਾਅਦ ਕਿਸੇ ਵੀ ਉਮੀਦਵਾਰ ਦੀ ਪ੍ਰਤੀ ਬੇਨਤੀ ਪ੍ਰਵਾਨ ਨਹੀਂ ਕੀਤੀ ਜਾਵੇਗੀ।</u>

8. <u>ਆਨ ਲਾਈਨ ਅਪਲਾਈ ਕਰਨ ਦੀ ਵਿਧੀ:-</u>

(1) ਵੈਬਸਾਈਟ www.educationrecruitmentboard.com

(2) ਉਮੀਦਵਾਰ ਵੱਲੋਂ ਕੇਵਲ ਇੱਕ ਹੀ ਰਜਿਸਟ੍ਰੇਸ਼ਨ ਕੀਤੀ ਜਾਵੇ, ਜੇਕਰ ਕੋਈ ਉਮੀਦਵਾਰ ਇੱਕ ਤੋਂ ਵੱਧ ਕੈਟਾਗਰੀ ਵਿੱਚ ਅਪਲਾਈ ਕਰਨਾ ਚਾਹੁੰਦਾ ਹੈ ਤਾਂ ਉਹ ਇੱਕ ਹੀ ਰਜਿਸਟ੍ਰੇਸ਼ਨ ਅਧੀਨ ਹੀ ਵੱਖ-ਵੱਖ ਐਪਲੀਕੇਸ਼ਨਜ਼ ਅਪਲਾਈ ਕਰੇਗਾ। ਇੱਕ ਤੋਂ ਜ਼ਿਆਦਾ ਰਜਿਸਟ੍ਰੇਸ਼ਨ ਨੰਬਰ ਹੋਣ ਦੀ ਸੂਰਤ ਵਿੱਚ ਪਹਿਲੀ ਰਜਿਸਟ੍ਰੇਸ਼ਨ ਹੀ ਵੈਧ ਮੰਨੀ ਜਾਵੇਗੀ ਅਤੇ ਅਗਲੀਆਂ ਰਜਿਸਟ੍ਰੇਸ਼ਨ (ਜੇ ਕੋਈ ਹੋਣ) ਆਪਣੇ ਆਪ ਕੈਂਸਲ ਹੋਈਆਂ ਵਿਚਾਰੀਆਂ ਜਾਣਗੀਆ।

(3) ਉਮੀਦਵਾਰ ਵੱਲੋਂ ਪਹਿਲਾਂ ਉਪਰੋਕਤ ਦਰਸਾਈ ਵੈਬਸਾਈਟ ਉੱਤੇ ਰਜਿਸਟ੍ਰੇਸ਼ਨ ਕਰਵਾਈ ਜਾਵੇਗੀ। ਰਜਿਸਟ੍ਰੇਸ਼ਨ ਕਰਵਾਉਣ ਲਈ ਇਸ ਵੈਬਸਾਈਟ ਉੱਤੇ ਦਿੱਤੇ ਲਿੰਕ New

Registration ਤੇ Click ਕੀਤਾ ਜਾਵੇ ਅਤੇ ਮੰਗੀ ਗਈ ਜਾਣਕਾਰੀ ਭਰੀ ਜਾਵੇ। ਇੱਕ ਵਾਰ ਰਜਿਸਟ੍ਰੇਸਨ ਕਰਨ ਉਪਰੰਤ ਰਜਿਸਟ੍ਰੇਸਨ ਵਾਲੀ ਕੋਈ ਵੀ ਜਾਣਕਾਰੀ ਦੁਬਾਰਾ Update/Edit ਨਹੀਂ ਕੀਤੀ ਜਾਵੇਗੀ।

(4) ਰਜਿਸਟ੍ਰੇਸ਼ਨ ਉਪਰੰਤ ਉਮੀਦਵਾਰ ਵੱਲੋਂ ਆਪਣੇ ਰਜਿਸਟ੍ਰੇਸ਼ਨ ਨੰਬਰ ਅਤੇ ਪਾਸਵਰਡ ਦੀ ਮੱਦਦ ਨਾਲ ਆਪਣੇ ਅਕਾਉਂਟ Login ਵਿੱਚ ਕੀਤਾ ਜਾਵੇਗਾ। ਉਮੀਦਵਾਰ ਵੱਲੋਂ Application Fee ਨਾਮ ਦੇ ਲਿੰਕ ਉੱਤੇ Click ਕਰਕੇ ਫੀਸ ਆਨਲਾਈਨ ਭਰੀ ਜਾ ਸਕਦੀ ਹੈ।

(5) ਫੀਸ ਦੀ Confirmation ਹੋਣ ਉਪਰੰਤ ਆਪਣੇ Application Form ਦਾ Print Out ਜਰੂਰ ਲਿਆ ਜਾਵੇ ਅਤੇ ਇਸਨੂੰ ਸੰਭਾਲ ਕੇ ਰੱਖਿਆ ਜਾਵੇ। ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ Application Form ਜਾਂ ਕੋਈ ਹੋਰ ਦਸਤਾਵੇਜ਼ ਡਾਕ ਰਾਹੀਂ ਇਸ ਦਫਤਰ ਨੂੰ ਭੇਜਣ ਦੀ ਜਰੂਰਤ ਨਹੀਂ ਹੈ। ਕੋਈ ਵੀ ਦਸਤਾਵੇਜ਼, ਮੰਗੇ ਜਾਣ ਉਪਰੰਤ ਹੀ ਭੇਜਿਆ ਜਾਵੇ।

(6) ਉਮੀਦਵਾਰ ਇੱਕ ਸਵੈ ਤਸਦੀਕੀ ਫੋਟੋ ਅਤੇ ਸਕੈਨ ਕੀਤੇ ਹਸਤਾਖਰ/ਦਸਤਖਤ ਆਨਲਾਈਨ ਅਪਲਾਈ ਕਰਨ ਸਮੇਂ ਅਪਲੋਡ ਕਰੇਗਾ।

<u>ਜਰੂਰੀ ਤਰੀਕਾਂ:</u>

ਉਮੀਦਵਾਰ ਆਨਲਾਈਨ ਫੀਸ ਭਰਨ ਦੀ ਆਖਰੀ ਮਿਤੀ. 07-06-2021 (ਸ਼ਾਮ 5:00 ਵਜੇ ਤੱਕ) ਹੋਵੇਗੀ।

17/05/21

**ਸਹਾਇਕ ਡਾਇਰੈਕਟਰ,**

**ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ।**